# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ......24010......./ਸੀ.ਓ.ਈ.

ਮਿਤੀ.......08/11/2024

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੂਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਯੂਨੀਵਰਸਿਟੀ ਦੀਆਂ ਸਾਰੀਆਂ ਕਲਾਸਾਂ ਦੇ ਸਿਲੇਬਸਾਂ ਵਿੱਚ ਜਿਹੜੇ ਵੀ Qualifying ਪਰਚੇ ਹਨ ਅਤੇ ਮੈਰਿਟ ਬਣਾਉਣ ਵੇਲੇ ਇਨਾਂ ਦੇ ਅੰਕ ਜਾਂ ਗ੍ਰੇਡ ਨਹੀਂ ਵਰਤੇ ਜਾਂਦੇ, ਉਨਾਂ ਦੀਆਂ ਪ੍ਰੀਖਿਆਵਾਂ ਵਿਭਾਗ/ਕਾਲਜ ਪਹਿਲਾਂ ਵਾਂਗ ਹੀ ਆਪਣੇ ਪੱਧਰ ਤੇ ਕਰਵਾਉਣਗੇ। ਇਨ੍ਹਾਂ ਦੇ ਅੰਕ ਆਨਲਾਇਨ ਕਾਲਜ/ਵਿਭਾਗ ਵੱਲੋਂ ਚੜ੍ਹਾਏ ਜਾਣਗੇ। ਇਹ ਪ੍ਰੀਖਿਆ ਵਿਭਾਗ/ਕਾਲਜ ਵੱਲੋਂ ਜਿਹੜਾ Qualifying ਪੇਪਰ ਜਿਸ ਵਿੱਚ ਸਮੈਸਟਰ ਵਿੱਚ ਕਰਵਾਇਆ ਜਾਣਾ ਹੈ, ਉਸ ਸਮੈਸਟਰ ਵਿੱਚ ਹੀ ਕਰਵਾਇਆ ਜਾਵੇ ਅਤੇ ਅੰਕ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੇ ਗਏ ਰੋਲ ਨੰਬਰਾਂ ਦੇ ਵਿਰੁੱਧ ਹੀ ਚੜ੍ਹਾਏ ਜਾਣਗੇ। ਇਨ੍ਹਾਂ ਪਰਚਿਆਂ ਨੂੰ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੇ ਗਏ ਰੋਲ ਨੰਬਰਾਂ ਵਿਰੁੱਧ ਹੀ ਚੜ੍ਹਾਏ ਜਾਣਗੇ। ਇਨ੍ਹਾਂ ਪਰਚਿਆਂ ਨੂੰ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤੀ ਡੇਟਸ਼ੀਟ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਹ ਫੈਸਲਾ ਦਸੰਬਰ, 2023 ਦੀਆਂ ਪ੍ਰੀਖਿਆਵਾਂ ਤੋਂ ਪਹਿਲਾਂ ਹੀ ਲਾਗੂ ਹੋ ਚੁੱਕਾ ਹੈ ਅਤੇ ਦਸੰਬਰ, 2024 ਤੋ ਬਾਅਦ ਵੀ ਲਾਗੂ ਰਹੇਗਾ। ਇਹ ਫੈਸਲਾ ਪ੍ਰਾਈਵੇਟ ਜਾਂ ਸੈਂਟਰ ਫਾਰ ਡਿਸਟੈਂਸ ਆਨਲਾਈਨ ਐਜੂਕੇਸ਼ਨ ਵਿਭਾਗ ਦੇ ਵਿਦਿਆਰਥੀਆਂ ਤੇ ਲਾਗੂ ਨਹੀਂ ਹੋਵੇਗਾ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜਾ Qualifying ਪੇਪਰ ਜਿਸ ਸਮੈਸਟਰ ਵਿੱਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਕਰਵਾਇਆ ਜਾਣਾ ਹੈ, ਉਸੇ ਸਮੈਸਟਰ ਵਿੱਚ ਹੀ ਕਰਵਾ ਲਿਆ ਜਾਵੇ।

ਇਹ ਵੀ ਸਪਸ਼ਟ ਕੀਤਾਜਾਂਦਾ ਹੈ ਕਿ NEP-2020 ਦੀ ਤਰਜ਼ ਤੇ ਸ਼ੁਰੂ/ਸੋਧ ਕੀਤੇ ਕੁਝ ਕੋਰਸਾਂ ਵਿੱਚ Qualifying ਪੇਪਰ, ਜੋ ਕੋਰਸ NEP-2020 ਅਧੀਨ ਨਹੀਂ ਆਉਂਦੇ ਹਨ ਅਤੇ ਹੁਣ VAC ਕੋਰਸਾਂ ਦੇ ਅਧੀਨ ਨੰਬਰ ਨਤੀਜੇ ਵਿੱਚ ਜੁੜਦੇ ਹਨ, ਪ੍ਰੰਤੂ ਇਹ ਕੋਰਸ ਦੋ/ਤਿੰਨ ਕਰੈਡਿਟ ਦੇ ਹੋਣ ਕਾਰਨ ਸਮੂਹ ਵਿਭਾਗਾਂ/ਕਾਲਜਾਂ/ਨੇਬਰਹੁੱਡ ਕੈਂਪਸ/ਕਾਂਸਟੀਚੂਐਂਟ ਕਾਲਜ ਆਪਣੇ ਆਪਣੇ ਪੱਧਰ ਤੇ ਹੀ ਕਰਵਾਉਣਗੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਉਪਰੋਕਤ ਸਾਰੇ ਪੇਪਰ ਯੂਨੀਵਰਸਿਟੀ ਵੱਲੋ ਕਰਵਾਏ ਜਾਣ ਵਾਲੇ ਪੇਪਰਾਂ ਦੇ ਰੈਗੂਲਰ ਸ਼ਡਿਊਲ ਤੋਂ ਪਹਿਲਾਂ ਨਵੰਬਰ, 2024 ਦੇ ਆਖਰੀ ਹਫਤਿਆਂ ਵਿੱਚ ਕਰਵਾ ਲਏ ਜਾਣਗੇ, ਇਹਨਾਂ ਪੇਪਰਾਂ ਦੇ ਅਵਾਰਡ ਮੁਲਾਂਕਣ ਕਰਵਾਉਣ ਉਪਰੰਤ ਪੇਪਰ ਹੋਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਯੂਨਵਰਸਿਟੀ ਪੋਰਟਲ ਤੇ ਚੜ੍ਹਾਉਣ ਨੂੰ ਯਕੀਨੀ ਬਣਾਇਆ ਜਾਵੇ।

Khaema 08/11/24

ਕੰਟਰੋਲਰ (ਪ੍ਰੀਖਿਆਵਾਂ)

Scanned with CamScan